Weekly

# CANADA SIKH TIMES

27 January - 2 February 2024

ਕੈਨੇਡਾ ਸਿੱਖ ਟਾਈਮਜ਼

Volume 2 Issue 4



## Matter of Pride: Sikh Couple march at the 75th Republic Day Parade



New Delhi: Major Sarabjeet Singh led the Indian Army's Sikh Contingent from the front during the parade at Kartavya Path to mark the 75th Republic Day celebrations, putting fierce warriors of the batallion on the national stage. Major Sarabjeet's wife, Assistant Commandant Chunauti Sharma, also led the Indian Coast Guard Contingent as the couple march at the Kartavya Path during this year's Republic Day parade. Expressing the happiness and honour in marching at Kartavya Path, Major Sarabjeet told Republic, "It's a very proud moment for me and my family. As my wife will also lead the Coast Guard Contingenet, our family members are very proud. I am honoured to lead the Indian Army's Sikh Regiment whose history itself is full of pride."

## ਇੰਗਲੈਂਡ 'ਚ ਹਾਕੀ ਖੇਡਣਗੀਆਂ ਕੈਨੇਡਾ ਦੀਆਂ 2 ਪੰਜਾਬਣ ਖਿਡਾਰਨਾਂ

FIELD HOCKEY CANADA

ਕੈਨੇਡਾ 'ਚ ਹਾਕੀ ਦੀ ਪ੍ਰਮੁੱਖ ਸੰਸਥਾ 'ਫੀਲਡ ਹਾਕੀ ਕੈਨੇਡਾ' ਵਲੋਂ 21 ਮਾਰਚ 2024 ਤੋਂ 1 ਅਪ੍ਰੈਲ ਤੱਕ ਇੰਗਲੈਂਡ ਦੇ ਵੇਲਜ਼ ਤੇ ਸਕਾਟਲੈਂਡ ਵਿਖੇ ਹੋ ਰਹੇ ਅੰਡਰ-18 ਲੜਕੀਆਂ ਦੇ ਅੰਤਰਰਾਸ਼ਟਰੀ ਫੀਲਡ ਹਾਕੀ ਮੁਕਾਬਲਿਆਂ 'ਚ ਹਿੱਸਾ ਲੈਣ ਵਾਲੀ ਟੀਮ ਰੋਸਟਰ ਦਾ ਐਲਾਨ ਕਰ ਦਿੱਤਾ ਹੈ ਜਿਸ ਵਿਚ ਕੈਨੇਡਾ ਦੀਆਂ 2 ਪੰਜਾਬਣ ਖਿਡਾਰਨਾਂ— ਸੁਖਮਨ ਕੌਰ ਹੁੰਦਲ ਅਤੇ ਪ੍ਰਭਨੂਰ ਕੌਰ ਹੁੰਦਲ ਨੂੰ ਕੈਨੇਡਾ ਦੀ 20 ਮੈਂਬਰੀ ਲੜਕੀਆਂ ਦੀ ਜੂਨੀਅਰ ਰੋਸਟਰ ਕੌਮੀ ਹਾਕੀ ਟੀਮ ਲਈ ਚੁਣਿਆ ਗਿਆ ਹੈ। ਸੁਖਮਨ ਕੌਰ ਹੁੰਦਲ ਸੁਰਿੰਦਰ ਲਾਇਨਜ਼ ਇੰਡੀਆ ਹਾਕੀ ਕਲੱਬ ਤੇ ਇਰਲ ਮੇਰੀਅਟ ਸੈਕੰਡਰੀ ਸਕੂਲ ਦੀ ਵਿਦਿਆਰਥਣ ਹੈ। ਜਦਕਿ ਪ੍ਰਭਨੂਰ ਕੌਰ ਹੁੰਦਲ ਸੈਮੀ ਆਹਮੁ ਸੀਨੀਅਰ ਸੈਕੰਡਰੀ ਸਕੂਲ ਤੇ ਇੰਡੀਆ ਹਾਕੀ ਕਲੱਬ ਦੀ ਵਿਦਿਆਰਥਣ ਹੈ ਅਤੇ ਸੁਰਿੰਦਰ ਲਾਇਨਜ਼ ਟੀਮ ਨਾਲ ਲੰਮੇਂ ਅਰਸੇ ਤੋਂ ਜੁੜੀ ਹੋਈ ਹੈ। ਇਸ ਤੋਂ ਪਹਿਲਾਂ ਇਹ ਦੋਵੇਂ ਹੋਣਹਾਰ ਖਿਡਾਰਨਾਂ 2023 'ਚ ਬ੍ਰਿਟਿਸ਼ ਕੋਲੰਬੀਆ ਦੀ ਅੰਡਰ 18 ਲੜਕੀਆਂ ਦੀ ਸੂਬਾਈ ਜੂਨੀਅਰ ਫੀਲਡ ਹਾਕੀ ਟੀਮ ਵਿਚ ਖੇਡ ਚੁੱਕੀਆਂ ਹਨ। ਸਮੁੱਚੀ ਕੌਮ ਨੂੰ ਮਾਣ ਹੈ ਇਹਨਾਂ ਧੀਆਂ 'ਤੇ।

### ਵਰਤਮਾਨ ਤੋਂ ਭਵਿੱਖ




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਚੇਤੇ ਕਰਦਿਆਂ ਸਾਨੂੰ ਉਨ੍ਹਾਂ ਦੀ ਕੌਮ ਉਸਾਰੀ ਦਾ ਢੰਗ, ਯੋਜਨਾਬਧ ਯੁੱਧ ਕਰਨਾ, ਪੰਥਕ ਫੈਸਲੇ ਲੈਣੇ, ਖਾਲਸੇ ਦੀ ਸਿਰਜਣਾ ਵੇਲੇ ਸਿੱਖਾਂ ਦੀ ਚੋਣ ਦਾ ਢੰਗ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਦੇਣਾ ਅਤੇ ਹੋਰ ਅਨੇਕਾਂ ਹੀ ਕਾਰਜਾਂ ਵਿਚੋਂ ਨਵੇਕਲਾਪਨ ਦਾ ਗੁਣ ਲਭ ਕੇ ਅੱਜ 21ਵੀਂ ਸਦੀ ਵਿਚ ਕੌਮ ਦੇ ਵਰਤਮਾਨ ਤੇ ਭਵਿੱਖ ਨੂੰ ਸੁਧਾਰਨ ਦਾ ਰਾਹ ਲਭਣ ਦੀ ਲੋੜ ਹੈ। ਗੁਰੂ ਸਾਹਿਬ ਦੇ ਜੀਵਨ ਦਾ ਹਰ ਮੋੜ ਚੁਣੌਤੀ ਭਰਿਆ ਸੀ, ਉਹਨਾਂ ਨੇ ਭੰਗਾਣੀ, ਨੰਦੇੜ, ਰੋਪੜ, ਆਨੰਦਪੁਰ, ਨਿਰਮੋਹ ਗੜ੍ਹ, ਚਮਕੌਰ, ਸਰਸਾ, ਮੁਕਤਸਰ ਆਦਿ ਨਾਲ ਸੰਬੰਧਤ ਕਈ ਜੰਗਾਂ ਲੜੀਆਂ ਤੇ ਖੇੜੇ ਵਿਚ ਰਹਿੰਦਿਆਂ ਆਪਣੇ ਵਿਰੋਧੀਆਂ ਤੇ ਜਿੱਤ ਪ੍ਰਾਪਤੀ ਕੀਤੀ। ਗੁਰੂ ਸਾਹਿਬ ਦਰਸਾਉਂਦੇ ਹਨ ਕਿ ਜੀਵਨ ਚੰਗੀਆਂ-ਮਾੜੀਆਂ ਦੋਹਾਂ ਸਥਿਤੀਆਂ ਨਾਲ ਹੀ ਮੁਕੰਮਲ ਹੁੰਦਾ ਹੈ, ਸਾਨੂੰ ਇਹਨਾਂ ਤੋਂ ਉੱਤੇ ਉੱਠ ਕੇ ਵਿਚਰਨ ਅਤੇ ਸੱਚ ਦਾ ਰਾਹ (ਜਿਸਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ) ਅਪਨਾਉਣ ਦੀ ਲੋੜ ਹੈ। ਗੁਰੂ ਸਾਹਿਬ ਦੀ ਇਹ ਸਿੱਖਿਆ ਸਿੱਖ ਕੌਮ ਲਈ ਰਾਹ ਦਸੇਰੇ ਦਾ ਕੰਮ ਕਰਦੀ ਹੈ।

– ਪੁਸਤਕ ਆਗਾਹਾ ਕੂ ਤ੍ਰਾਘਿ 'ਚੋਂ

# DESH VIDESH

## Meet Indian genius who was ignored by Nobel Prize committee, he is called 'Father of Fiber Optics'




India has seen several geniuses who became popular for their discoveries and work. However, many such people achieved much in life but still couldn't get credit for their work. One such person was Narinder Singh Kapany, an Indian-American physicist who was best known for his work on fiber optics. It was due to his path-breaking invention of fiber optics that the world today enjoys high-speed communication and medical procedures such as endoscopy and laser surgeries. But in 2009, people were surprised by the omission of Dr Kapany's name for Nobel Prize in Physics for the transmission of light through fibreglass. The Nobel committee noted that the award-winning scientist, Charles K Kao, had made a discovery in 1966 that led to a breakthrough in fiber optics.

Born in Punjab in 1926, Kapany is a pioneer in the field of fiber optics and is known for coining and popularising the term- fiber optics. He passed away on December 4, 2020 at the age of 94. He was posthumously awarded the Padma Vibhushan, India's second-highest civilian honour in 2021.

He completed his schooling in Dehradun, Uttarakhand. He graduated from Agra University. Not only this, the Indian genius served as an Indian Ordnance Factories Service officer. He then went to Imperial College London in 1952 to work on a PhD degree in optics from the University of London. Kapany coined the term 'fiber optics' in an article in Scientific American in 1960. He was the unheralded 'Father of Fiber Optics'. He was also offered the post of Scientific Adviser to the Defence Minister of India, by the first Prime Minister of India, Jawaharlal Nehru.

- Prashant Tamta

◆◆◆◆◆

## ਆਨੰਦ ਕਾਰਜ - 2

- ਮਮਤਾ ਕੌਰ, ਹਾਜ਼ੀਬਰਗ



**ਤੀਜੀ ਲਾਵਾਂ** ਵਿਚ "ਮਨਿ ਚਾਉ ਭਇਆ ਬੈਰਾਗੀਆ" ਗੁਰਮਤਿ ਵਿੱਚ ਬੈਰਾਗ ਚਾਵ ਵਾਲਾ ਬੈਰਾਗ ਦੱਸਿਆ ਗਿਆ ਹੈ ਉਸ ਤਰਾਂ ਨਹੀਂ ਜਿਸ ਤਰਾਂ ਲੋਕੀ ਬੈਰਾਗੀ ਬਨ ਜਾਂਦੇ ਹਨ ਸੁਟਿਆ ਪਰਿਵਾਰ ਨੂੰ ਛੱਡ ਜੰਗਲ ਵਾਲ ਚਲੇ ਗਏ ਕਿ ਸਾਨੂੰ ਉਧੋ ਰਾਬ  ਦੀ ਪ੍ਰਾਪਤੀ ਹੋਵੇਗੀ, ਸੋ ਕਿੰਨ੍ਹੇ ਹੀ ਗ੍ਰਿਹਸਥ ਲੋਕਾਂ ਨੇ ਆਪਣਾ ਪਰਿਵਾਰ ਛੱਡ ਸਾਧੂ ਸੰਨਿਆਸੀ ਹੋਣ ਦਾ ਸੰਦੇਸ਼ਾ ਦਿੱਤਾ ਕਿ ਉਹ ਬੈਰਾਗੀ ਹੋ ਗਏ। ਸਤਿਗੁਰ ਸੱਚੇ ਪਾਤਸ਼ਾਹਾਂ ਕਹਦੇਂ ਹਨ ਐਸ ਤਰ੍ਹਾਂ ਬੈਰਾਗ ਨਹੀਂ ਹੈ। ਏਥੇ - "ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ"। ਏਥੇ ਬੈਰਾਗ ਚਾਵ  ਵਾਲਾ ਹੈ ਉਤਸਾਹ ਹੈ, "ਦੇਹੁ ਸਜਣ ਅਸੀਸੜੀਆ  ਜਿਉ ਹੋਵੈ ਸਾਹਿਬ ਸਿਉ ਮੇਲੁ॥" ਏਥੇ ਆਪਣੇ ਮਾਂ ਨੂੰ ਪਰਿਵਾਰ ਨੂੰ ਬੱਚੀ ਕਹੰਦੀ ਹੈ ਕਿ ਮੈਨੂੰ ਅਸੀਸ ਦੇਹੁ। ਠੀਕ ਹੈ ਮੈਂ ਤੂਆਡੇ ਤੂ ਵਿਛੜ ਕੇ ਜਾ ਰਹੀ ਹੋ ਪਰ ਮੇਰੇ ਸਾਹਿਬ ਨਾਲ, ਮੇਰੇ ਮਾਲਕ ਨਾਲ ਮੇਰੇ ਭਰਤਾ ਨਾਲ ਮੇਰਾ ਮਿਲਾਪ ਹੋਵੇ ਸੋ ਉਦਾਸੀ ਨਹੀਂ ਹੈ, ਏਥੇ ਜੀਵ ਜਦੋਂ ਸੰਸਾਰ ਨੂੰ ਛੱਡਦਾ ਹੈ ਤਾਂ ਵੀ ਵੱਡੇ ਚਾਵ ਨਾਲ ਗੁਰਮੁਖ ਜਨਮ ਸਵਾਰ ਵਾਲੀ ਗੱਲ ਹੈ।

**ਚੋਥੀ ਲਾਵ** ਇਹ, ਚੰਗੇ ਗੁਣ ਹੋਣ ਤੇ ਅਵਿਨਾਸ਼ੀ ਵਰ ਦੀ ਪ੍ਰਾਪਤੀ ਹੋਂਦੀ ਹੈ, ਉਹ ਅਵਿਨਾਸ਼ੀ ਵਰ ਜੋ ਨ ਆਓਂਦਾ ਹੈ ਨ ਜਾਓਂਦਾ ਹੈ ਜਿੱਥੇ ਉਹ ਆਪਣੇ ਪਤੀ ਨਾਲ ਜੀਵਨ ਵਯਤੀਤ ਕਰਦੀ ਹੈ। ਸੰਸਾਰ ਵਿਚ ਉਥੇ ਹੀ ਫਿਰ ਅਕਾਲ ਪੁਰਖ ਵਾਹਿਗੁਰੂ ਜੀ ਭੀ ਪ੍ਰਾਪਤ ਹੋਂਦੇ ਹਨ, ਗੁਣ ਗਾਂਦੇ ਹਨ, ਅਕਾਲ ਪੁਰਖ ਚੇ ਅਭੇਦ ਹੋ ਜਾਂਦੇ ਹਨ, ਫਿਰ ਉਹ ਦੋਏ ਪਤੀ-ਪਤਨੀ ਪਰਿਵਾਰ ਨਾਲ ਨਿਤਨੇਮ ਦੀ ਬਾਣੀ ਪੜਦੇ ਹਨ। ਮੇਰੀ ਬੱਚੀਏ ਤੇਨੂ ਤੋਰਨ ਲਗੀਆਂ ਮੈਂ ਯਾਦ ਦਿਲਾਨਾ ਚਾਹੰਦੀ ਹਾਂ ਕਿ ਜਿਸ ਘਰ ਵਿੱਚ ਚਲੀ ਹੈ ਉਸ ਘਰ ਦੇ ਵਿਚ - "ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥" ਨੇਕ ਔਰਤ ਦਾ ਦਰਜਾ ਲੇਨਾ ਹੈ,ਜਿਸ ਘਰ ਵਿਚ ਚਲੀ ਓਧੇ ਬੀਬੀ ਅਮਰੋ ਜੀ ਤੋਂ ਸੀਖ ਲੈ ਸਵੇਰੇ ਉੱਠ ਕੇ ਬਾਣੀ ਜਰੂਰ ਪੜ੍ਹਨੀ ਹੈ ਪਰਿਵਾਰ ਨਾਲ। ਜਦੋਂ ਕੋਈ ਗੁਰੂ ਦੀ ਸਿਖਿਆ ਧਾਰਨ ਕਰਕੇ ਗੁਰੂ ਵਾਲਾ ਬਣਦਾ ਹੈ। "ਇਹ ਲੋਕ ਸੁਖੀਏ ਪਰਲੋਕ ਸੁਹੇਲੇ ਨਾਨਕ ਹਰਿ ਪ੍ਰਭ ਆਪਹਿ ਮੇਲੇ।"

◆◆◆◆◆



# HERITAGE

## As Nation's Wheat Stock Dips, All Eyes on Punjab for Bumper Crop

As wheat stock in the country dwindle, all eyes are on Punjab, which is expecting a bumper crop this year. In the beginning of the month, wheat stock in the country was 163.50 lakh tonnes. This is the lowest stocks held by the Food Corporation of India since year 2017, when wheat stocks had dwindled to 137.50 lakh tonnes. In Punjab, the FCI is holding wheat stock of 23 lakh tonnes. Moreover, as demand for wheat rises globally and production remains static, a good wheat crop in the state- a major wheat producer along with Uttar Pradesh and Madhya Pradesh- is not only being watched by the Government of India, but also several international food agencies.

## ਸੰਪੂਰਨ ਵੇਰਵਾ: ਫੈਡਰਲ ਸਰਕਾਰ ਨੇ ਦੋ ਸਾਲ ਲਈ ਇੰਟਰਨੈਸ਼ਨਲ ਸਟੂਡੈਂਟਸ ਦੇ ਦਾਖਲੇ ਘਟਾਉਣ ਦਾ ਕੀਤਾ ਐਲਾਨ

ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਵੱਲੋਂ ਇੰਟਰਨੈਸ਼ਨਲ ਸਟੂਡੈਂਟਸ ਦੇ ਦਾਖਲੇ ਦੋ ਸਾਲ ਲਈ ਘਟਾਉਣ ਦਾ ਐਲਾਨ ਕੀਤਾ ਗਿਆ ਹੈ। ਮਿੱਲਰ ਨੂੰ ਆਸ ਹੈ ਕਿ ਇਸ ਰੋਕ ਨਾਲ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਨੂੰ ਸਿਸਟਮ ਵਿੱਚ ਸੁਧਾਰ ਕਰਨ ਦਾ ਮੌਕਾ ਤੇ ਸਮਾਂ ਮਿਲ ਜਾਵੇਗਾ। ਮਿੱਲਰ ਨੇ ਇਹ ਵੀ ਆਖਿਆ ਕਿ ਕਈ ਮਾਮਲਿਆਂ ਵਿੱਚ ਇੰਟਰਨੈਸ਼ਨਲ ਸਟੂਡੈਂਟਸ ਤੋਂ ਵੱਧ ਫੀਸਾਂ ਵਸੂਲ ਕੇ ਮਾੜੀ ਸਿੱਖਿਆਂ ਉਨ੍ਹਾਂ ਨੂੰ ਮੁਹੱਈਆ ਕਰਵਾਈ ਜਾ ਰਹੀ ਹੈ ਤੇ ਇਸ ਫੈਸਲੇ ਨਾਲ ਸਾਨੂੰ ਉਸ ਪਾਸੇ ਧਿਆਨ ਦੇਣ ਦਾ ਮੌਕਾ ਵੀ ਮਿਲੇਗਾ। ਇਸ ਰੋਕ ਤੋਂ ਭਾਵ ਹੋਵੇਗਾ ਕਿ ਇਸ ਸਾਲ ਨਵੇਂ ਸਟੱਡੀ ਵੀਜ਼ਾ ਕੁੱਲ ਮਿਲਾ ਕੇ 35 ਫੀਸਦੀ ਘੱਟ ਜਾਰੀ ਕੀਤੇ ਜਾਣਗੇ। ਓਨਟਾਰੀਓ ਵਰਗੇ ਕੁੱਝ ਪ੍ਰੋਵਿੰਸਾਂ ਵਿੱਚ 50 ਫੀਸਦੀ ਜਾਂ ਇਸ ਤੋਂ ਵੀ ਜ਼ਿਆਦਾ ਦੀ ਕਮੀ ਵੇਖਣ ਨੂੰ ਮਿਲ ਸਕਦੀ ਹੈ। ਮਿੱਲਰ ਨੇ ਇਹ ਵੀ ਆਖਿਆ ਕਿ ਸਰਕਾਰ ਅਜਿਹੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਦਾਖਲਾ ਲੈਣ ਤੋਂ ਰੋਕ ਸਕਦੀ ਹੈ ਜਿਹੜੇ ਪ੍ਰਾਈਵੇਟ ਪਬਲਿਕ ਮਾਡਲ ਉੱਤੇ ਚੱਲਦੇ ਹਨ। ਪਹਿਲੀ ਸਤੰਬਰ ਤੋਂ ਅਜਿਹੇ ਸਕੂਲ ਪੋਸਟਗ੍ਰੈਜੂਏਟ ਵਰਕ ਪਰਮਿਟਸ ਦਾ ਮੁਲਾਂਕਣ ਨਹੀਂ ਕਰ ਸਕਣਗੇ।

ਕੁੱਝ ਹਫ਼ਤਿਆਂ ਵਿੱਚ ਹੀ ਓਪਨ ਵਰਕ ਪਰਮਿਟਸ ਸਿਰਫ ਉਨ੍ਹਾਂ ਵਿਦਿਆਰਥੀਆਂ ਦੇ ਪਤੀ/ਪਤਨੀ ਲਈ ਉਪਲਬਧ ਹੋਣਗੇ ਜਿਹੜੇ ਮਾਸਟਰਜ਼ ਤੇ ਡੌਕਟਰਲ ਪ੍ਰੋਗਰਾਮ ਵਿੱਚ ਦਾਖਲਾ ਲੈਣਗੇ ਜਾਂ ਫਿਰ ਮੈਡੀਸਨ ਤੇ ਲਾਅ ਵਰਗੇ ਪ੍ਰੋਫੈਸ਼ਨਲ ਕੋਰਸ ਕਰਨਗੇ। ਮਿੱਲਰ ਨੇ ਆਖਿਆ ਕਿ ਫੈਡਰਲ ਸਰਕਾਰ ਉਨ੍ਹਾਂ ਪ੍ਰੋਵਿੰਸਾਂ ਨਾਲ ਰਲ ਕੇ ਵੀ ਕੰਮ ਕਰੇਗੀ ਜਿਨ੍ਹਾਂ ਨੇ ਸਰਕਾਰ ਦੀ ਮਰਜ਼ੀ ਅਨੁਸਾਰ ਇਸ ਸਮੱਸਿਆ ਦਾ ਹੱਲ ਕੱਢਣ ਵੱਲ ਕੋਈ ਧਿਆਨ ਨਹੀਂ ਦਿੱਤਾ।

ਇਸ ਦੌਰਾਨ ਮਾਈਗ੍ਰੈਂਟ ਵਰਕਰਜ਼ ਅਲਾਇੰਸ ਫੌਰ ਚੇਂਜ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਇੰਟਰਨੈਸ਼ਨਲ ਸਟੂਡੈਂਟਸ ਦੇ ਦਾਖਲਿਆਂ ਉੱਤੇ ਲਾਈ ਰੋਕ ਨਾਲ ਕਿਸੇ ਸਮੱਸਿਆ ਦਾ ਹੱਲ ਨਹੀਂ ਹੋਣ ਵਾਲਾ ਸਗੋਂ ਇਸ ਨਾਲ ਵਰਕਿੰਗ ਕਲਾਸ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹੀ ਤਕਲੀਫ ਹੋਵੇਗੀ।

## ਸਿੱਖ ਸਮਾਜ ਸੇਵੀ ਸ. ਗੁਰਵਿੰਦਰ ਸਿੰਘ ਪਦਮਸ਼੍ਰੀ ਪੁਰਸਕਾਰ ਲਈ ਨਾਮਜ਼ਦ



ਭਾਰਤ ਸਰਕਾਰ ਵਲੋਂ ਸਿਰਸਾ (ਹਰਿਆਣਾ) ਤੋਂ ਦਿਵਿਆਂਗ ਸਮਾਜ ਸੇਵੀ ਗੁਰਵਿੰਦਰ ਸਿੰਘ ਨੂੰ ਪਦਮਸ਼੍ਰੀ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਪੁਰਸਕਾਰ ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਰਾਸ਼ਟਰਪਤੀ ਭਵਨ ਵਿਖੇ ਦਿੱਤਾ ਜਾਵੇਗਾ। ਗੁਰਵਿੰਦਰ ਸਿੰਘ ਬੇਘਰ, ਬੇਸਹਾਰਾ, ਔਰਤਾਂ, ਅਨਾਥਾਂ ਅਤੇ ਅਪਾਹਜਾਂ ਦੀ ਭਲਾਈ ਲਈ 19 ਸਾਲਾਂ ਤੋਂ ਲਗਾਤਾਰ ਕਾਰਜਸ਼ੀਲ ਹਨ। ਆਪ 'ਬਾਲ ਗੋਪਾਲ ਧਾਮ' ਅਤੇ 'ਭਾਈ ਕਨ੍ਹਈਆ ਆਸ਼ਰਮ' ਦੇ ਸੰਚਾਲਕ ਹੋਣ ਦੇ ਨਾਤੇ ਹੁਣ ਤਕ 300 ਬੱਚਿਆਂ ਦੇ ਸੁਪਨਿਆਂ ਨੂੰ ਪੂਰਾ ਕਰਨ ਦੇ ਨਾਲ-ਨਾਲ 6000 ਤੋਂ ਵੱਧ ਹਾਦਸੇ ਪੀੜਤਾਂ, ਗਰਭਵਤੀ ਤੇ ਅਨਾਥ ਔਰਤਾਂ ਦੀ ਮੁਫਤ ਇਲਾਜ, ਪੜ੍ਹਾਈ-ਲਿਖਾਈ ਅਤੇ ਘਰ ਵਸਾਉਣ ਵਿਚ ਸਹਾਇਤਾ ਕਰ ਚੁੱਕੇ ਹਨ। ਆਪ ਦਰਗਾਹੀ ਰੂਹ ਹਨ ਜੋ ਦਿਵਿਆਂਗ ਹੋਣ ਦੇ ਬਾਵਜੂਦ ਵੀ ਆਪਣਾ ਜੀਵਨ ਸਮਾਜ ਦੀ ਭਲਾਈ ਲਈ ਸਮਰਪਿਤ ਕੀਤਾ ਹੈ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਨਾਨਕ ਸਾਹਿਬ ਭਗਤ ਕਬੀਰ ਜੀ ਤੇ ਭਗਤ ਰਵਿਦਾਸ ਜੀ ਨੂੰ ਇਕੋ ਉਦਾਸੀ ਤੇ ਕਿਹੜੇ ਸ਼ਹਿਰ ਵਿਚ ਮਿਲੇ?**

a. ਮਥੁਰਾ b. ਅਯੁੱਧਿਆ
c. ਬਨਾਰਸ d. ਹਰਿਦੁਆਰ

**2. ਗੁਰੂ ਗ੍ਰੰਥ ਸਹਿਬ ਜੀ ਵਿਚ ਰਹਾਉ ਦੇ ਕੁਲ ਕਿਤਨੇ ਬੰਦ ਹਨ?**

a. 2555 b. 2663
c. 2668 d. 2716

**3. ਇਕ ਸਿੱਖ ਨੂੰ ਹੇਠ ਵਿਚੋਂ ਕਿਸ ਤੇ ਭਰੋਸਾ ਕਰਨਾ ਚਾਹੀਦਾ ਹੈ?**

a. ਸ਼ਗਨ ਅਪਸ਼ਗਨ b. ਘਰ ਅਗੇ ਨਜਰ ਬਟੂ 'ਤੇ
c. ਨਵੀ ਗਡੀ ਅਗੇ ਕਾਲੀ ਗੁਤ 'ਤੇ d. ਕਿਸੀ 'ਤੇ ਵੀ ਨਹੀ

**4. ਸਿੱਖ ਧਰਮ 21ਵੀਂ ਸਦੀ ਦਾ ਧਰਮ ਹੈ ਕਿਉਂਕਿ ਇਸ ਵਿਚ ਹੇਠ ਲਿਖੇ ਵਿਚੋਂ ਕੀ ਨਵੀਨਤਾ ਹੈ?**

a. ਇਹ ਅੰਧਵਿਸ਼ਵਾਸ ਦਾ ਹਾਮੀ ਨਹੀ
b. ਇਹ ਕੁਦਰਤੀ ਸੋਗਾਤਾਂ ਨਾਲ ਪਿਆਰ ਤੇ ਸੰਭਾਲ ਸਿਖਾਉਂਦਾ
c. ਨਵੀਨ ਕਾਢਾਂ ਨਾਲ ਇਹ ਧਰਮ ਸਹਿਜ ਹੈ
d. ਇਹ ਸਾਰੇ ਕਾਰਣਾ ਕਰਕੇ

**5. In light of Gurbani which of the following is desirable?**

a. Worshipping imaginary photos of Gurus
b. Walking bare foot to Gurdwara
c. Washing with milk the pedestal of Guru Granth Sahib
d. All are undesirable

(ਦੇਖੋ ਉੱਤਰ ਪੰਨਾ 4 'ਤੇ)

## CAREER COUNSELLING

### *The biggest crisis at any workplace is Leadership*



Narinder Pal Singh

Break Point- Think of any multinational, large, medium, small or start up organization - the truth is that most of the places are filled with politics, ego conflicts, and mistreatment of team members. Yelling, screaming, abusing and blame games are quite common.

**Frustration-** People without specific ability are given leadership positions. And when such leaders fail, mistrust & blame game starts. If the employees carry the mindset- "I will take the jump the moment I get a better offer." That's because they have been let down by their LEADERS.

**Leadership Culture-** "Leadership & Culture Building" is not discussed in the mainstream even by Industry Icons; they only speak the language of Market Share, Share Prices, Financial Results etc. People in India has perception that work culture in other countries is much better... but here in India, the value of a human is lesser than the peanuts.

**Next Generation-** If we don't prioritize building workplaces such as Effective Leaders, Full of Freedom, Fair, Focused and Fun, we will soon end up with a generation that will be Bitter, Hateful, Helpless, and Frustrated.

TRUE LEADERS ALWAYS EMPOWER TEAM

## SIKH MATRIMONIALS

Gursikh Boy /27/175 cms/M.Sc. Data Scientist Annual Income 85000 CHF/ Switzerland/ Contact +41 79 134 96 22

Gursikh Boy, 30/5feet 7 inch, B.tech, MBA from India, working n Montreal Canada, contact +91 9810991244

Required Gursikh Tee Totller boy for Khatri divorcee girl 1984/5'-4"/M.A B.ed/ Teacher having son 14 yrs 8307633828










ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. C 3. D 4. D 5. D

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Harman Singh (Canada)



email: canadasikhtimes@gmail.com, M: +1 437 673 7555